# ਐੱਮ.ਏ.ਪੰਜਾਬੀ-2

# ਯੂਨਿਟ 1

# ਪੰਜਾਬੀ ਆਲੋਚਨਾ

# ਆਰੰਭਿਕ ਆਲੋਚਨਾ

- ਵੀਹਵੀਂ ਸਦੀ ਤੋਂ ਪਹਿਲਾ ਪੰਜਾਬੀ ਵਿਚ ਆਲੋਚਨਾ ਦੀ ਕੋਈ ਪਿਰਤ ਨਹੀਂ ਸੀ।ਪੰਜਾਬੀ ਵਿਚ ਗੱਦ ਲਿਖਣ ਵਾਲੇ ਸਾਹਿਤਕ ਚੇਤਨਾ ਤੋਂ ਦੂਰ ਸਨ,ਪਰ ਜਿਹੜੇ ਵੀ ਪ੍ਰਮਾਣ ਉਨ੍ਹਾਂ ਦੀ ਚੇਤਨਾ ਵਿਚ ਸਨ ਉਹ ਸੰਸਕ੍ਰਿਤ/ਫ਼ਾਰਸੀ ਸਾਹਿਤ ਵਿਚੋਂ ਸੁਤੇ ਸਿੱਧ ਤੇ ਵਿਵਹਾਰਕ ਰੂਪ ਵਿਚ ਹੀ ਲਏ ਹੋਏ ਸਨ।

# ਆਲੋਚਨਾ ਦਾ ਮੁੱਢ

- ਪੰਜਾਬੀ ਆਲੋਚਨਾ ਦਾ ਮੁੱਢ ਬਾਬਾ ਫਰੀਦ ਦੇ ਸਲੋਕਾਂ ਨਾਲ ਦਰਜ ਗੁਰੂ ਸਾਹਿਬਾਨ ਦੀਆਂ ਟਿੱਪਣੀਆਂ/ਸਲੋਕਾਂ ਨੂੰ ਆਲੋਚਨਾ ਦਾ ਆਧਾਰ ਮੰਨਦੇ ਹਨ।ਗੁਰੂ ਗ੍ਰੰਥ ਸਾਹਿਬ ਵਿਚ ਬਾਬਾ ਫਰੀਦ ਜੀ ਦੇ ਸਲੋਕ 112, 4 ਸ਼ਬਦ ਦਰਜ਼ ਹਨ,ਇਨ੍ਹਾਂ ਵਿਚ 18 ਸਲੋਕ ਦਰਜ਼ ਹਨ।ਜਿੰਨ੍ਹਾਂ ਨੂੰ ਆਲੋਚਨਾ ਦੀ ਸ਼ੁਰੂਆਤ ਮੰਨਿਆਂ ਜਾਂਦਾ ਹੈ।

- ਮੁੱਢਲੀ ਆਲੋਚਨਾ ਜੋ ਸਹਿਜ ਸੁਭਾਅ ਪੈਦਾ ਹੋਈ,ਉਹ ਦੂਸਰੇ ਵਿਦਵਾਨਾਂ ਲਈ ਮਾਰਗ ਦਰਸ਼ਕ ਬਣੀ।ਸਾਡੀ ਮੁੱਢਲੀ ਆਲੋਚਨਾ ਦਾ ਰੰਗ,ਰੂਪ ਤੇ ਝੁਕਾਅ ਵੀ ਅਧਿਆਤਮਕ ਰਿਹਾ।

# ਮੌਲਾ ਬਖ਼ਸ ਕੁਸਤਾ

ਪੰਜਾਬੀ ਭਾਸ਼ਾ,ਸਾਹਿਤ ਅਤੇ ਸਾਹਿਤ ਅਧਿਐਨ ਨੂੰ ਸਮਰਪਿਤ,ਦ੍ਰਿੜ ਅਤੇ ਜ਼ਿੰਮੇਵਾਰ ਸ਼ਖ਼ਸੀਅਤ ਦਾ ਨਾਂ ਹੈ।**ਚਸ਼ਮਾ-ਏ-ਹਯਾਤ,ਪੰਜਾਬ ਦੇ ਹੀਰੇ,ਪੰਜਾਬੀ ਸ਼ਾਇਰਾ ਦਾ ਤਜ਼ਕਰਾ,** ਆਲੋਚਨਾਤਮਕ ਪੁਸਤਕਾ ਦੀ ਰਚਨਾ ਕੀਤੀ।

# ਬਾਵਾ ਬੁੱਧ ਸਿੰਘ

- ਉਸਨੇ ਕੇਵਲ ਤੱਥਾਂ ਦਾ ਸੰਕਲਨ ਪ੍ਰਸਤੁਤ ਹੀ ਨਹੀਂ ਕੀਤਾ।ਉਸਦੇ ਯਤਨਾਂ ਸਦਕਾ ਹੀ ਸਾਹਿਤਕਾਰਾ ਦੇ ਜੀਵਨੀ-ਮੂਲਕ ਵੇਰਵੇ,ਉਨ੍ਹਾਂ ਦੀਆਂ ਰਚਨਾਵਾਂ ਸਾਭੀਆਂ ਹੀ ਗਈਆਂ ਨਾਲ ਹੀ ਨਾਲ ਉਨ੍ਹਾਂ ਸੰਬੰਧੀ ਕਾਲ-ਕ੍ਰਮ ਚਰਚਾ

ਵੀ ਆਰੰਭ ਹੋਈ।ਹੰਸ ਚੋਗ,ਕੋਇਲ ਕੂ,ਬੰਬੀਹਾ ਬੋਲ ਆਲੋਚਨਾਤਮਕ ਪੁਸਤਕਾ ਦੀ ਰਚਨਾ ਕੀਤੀ।

# ਪ੍ਰੋ ਪੂਰਨ ਸਿੰਘ

- ਪਹਿਲਾ ਕਾਵਿ ਸ਼ਾਸਤਰੀ ਹੈ।ਉਸਦੇ ਲੇਖ ਵਾਰਤਕ ਵਿਚ ਲਿਖੇ ਹੋਏ ਹਨ ਪਰ ਵਿਚਾਰ ਨਿਸ਼ਚਤ,ਗਿਆਨ ਮੂਲਕ ਧਰਾਤਲ ਉਪਰ ਪੇਸ਼ ਨਹੀਂ ਹੋਏ।ਉਸਦੇ ਵਿਚਾਰ ਜਜ਼ਬੇ,ਦ੍ਰਿਸ਼ਟਾਂਤ ਤੇ ਦੈਵੀ ਅਵਲੋਕਣ ਹੇਠ ਛੁਪੇ ਹੋਏ ਹਨ।ਖੁੱਲੇ ਲੇਖ,ਖੁੱਲੇ ਮੈਦਾਨ ਆਦਿ।

# ਪ੍ਰਿੰ.ਤੇਜਾ ਸਿੰਘ

- ਉਹ ਕਿਸੇ ਲੇਖਕ ਦੀ ਰਚਨਾ ਦੇ ਉਭਰਵੇਂ ਪੱਖਾਂ ਨੂੰ ਲੱਭਦਾ,ਪ੍ਰੰਸਸਾ ਕਰਦਾ,ਵਿਸ਼ੇਸ ਗੁਣਾਂ ਨੂੰ ਪ੍ਰਫੁਲਤ ਕਰਨ ਦੀ ਚਰਚਾ ਕਰ ਕੇ ਸਮਾਪਤ ਕਰ ਦੇਂਦਾ ਹੈ।ਸਾਹਿਤ ਦਰਸ਼ਨ,ਪੰਜਾਬੀ ਕਿਵੇਂ ਲਿਖੀਏ ਆਲੋਚਨਾਤਮਕ ਪੁਸਤਕਾਂ ਦੀ ਰਚਨਾ ਕੀਤੀ।

# ਹੋਰ ਚਿੰਤਕ

- ਡਾ. ਮੋਹਨ ਸਿੰਘ ਦੀਵਾਨਾ
- ਗੋਪਾਲ ਸਿੰਘ ਦਰਦੀ
- ਬਨਾਰਸੀ ਦਾਸ ਜੈਨ
- ਸੁਰਿੰਦਰ ਸਿੰਘ ਕੋਹਲੀ
- ਕਿਰਪਾਲ ਸਿੰਘ ਕਸੇਲ